## ਪੰਜਾਬ ਸਕੂਲ ਸਿੱਖਿਆ ਬੋਰਡ

---

### ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਵੱਖ-ਵੱਖ ਪ੍ਰੀਖਿਆਵਾਂ ਪਾਸ ਕਰ ਚੁੱਕੇ ਵਿਦਿਆਰਥੀਆਂ ਦੇ ਸਰਟੀਫਿਕੇਟਾਂ ਵਿੱਚ ਜਨਮ ਸਰਟੀਫਿਕੇਟ ਦੇ ਅਧਾਰ ਤੇ ਜਨਮ ਮਿਤੀ, ਮਾਤਾ ਜਾਂ ਪਿਤਾ ਦੇ ਨਾਮ ਵਿੱਚ ਗਲਤੀ ਹੋਣ ਦੀ ਸੂਰਤ ਵਿੱਚ ਉਹ ਸਾਰੇ ਵਿਦਿਆਰਥੀ ਜਿਹਨਾਂ ਨੇ ਬੋਰਡ ਦੀ ਆਖਰੀ ਪ੍ਰੀਖਿਆ 10 ਸਾਲ ਦੇ ਘੇਰੇ ਵਿੱਚ ਭਾਵ ਅੰਤਿਮ ਪ੍ਰੀਖਿਆ ਸੈਸ਼ਨ ਮਾਰਚ 2006 ਵਿੱਚ ਪਾਸ ਕੀਤੀ ਹੈ, ਨੂੰ ਇੱਕ ਵਿਸ਼ੇਸ਼ ਮੌਕਾ 5000/- ਰੁ: (ਪ੍ਰਤੀ ਸੋਧ) ਅਤੇ ਬੋਰਡ ਤੋਂ ਪਾਸ ਕੀਤੀ ਮੁੱਢਲੀ ਪ੍ਰੀਖਿਆ ਤੋਂ ਪ੍ਰਤੀ ਸਾਲ 500/ਰੁ: ਦੇਰੀ ਦੀ ਫੀਸ ਸਹਿਤ ਨਿਯਮਾਂ ਅਧੀਨ ਨਿਰਧਾਰਤ ਫਾਰਮ ਸਮੇਤ ਮਿਤੀ 27-05-2016 ਤੋਂ 25-07-2016 ਤੱਕ ਆਪਣੇ ਬਿਨੈਪੱਤਰ ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਉਣ ਲਈ ਦਿੱਤਾ ਗਿਆ ਸੀ। ਪਰ ਕੁੱਝ ਬਿਨੈਕਾਰ ਸਮੇਂ ਸਿਰ ਅਪਲਾਈ ਨਹੀਂ ਕਰ ਸਕੇ। ਉਨਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਦਫਤਰ ਵੱਲੋਂ ਇਸ ਮੌਕੇ ਅਧੀਨ ਅਪਲਾਈ ਕਰਨ ਦਾ ਸਮਾਂ ਵਧਾ ਕੇ ਮਿਤੀ 05-08-2016 ਤੱਕ ਦਿੱਤਾ ਜਾਂਦਾ ਹੈ। ਇਸ ਮੰਤਵ ਲਈ ਨਿਰਧਾਰਤ ਫਾਰਮ ਅਤੇ ਹੋਰ ਲੋੜੀਂਦੀ ਸੂਚਨਾ ਬੋਰਡ ਦੀ ਵੈਬਸਾਈਟ **www.pseb.ac.in** ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਕੰਮ-ਕਾਜ ਦੇ ਸਮੇਂ ਵਿੱਚ ਹੋਰ ਜਾਣਕਾਰੀ ਲਈ 0172-5227345 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਉਪਰੰਤ ਮੌਕੇ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਜਾਵੇਗਾ।

27.7.16

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ